ਜਗ ਬਾਣੀ

FRI, 26 May 2023

# ਬੱਚਿਆਂ ਕੋਲੋਂ ਖੋਹਿਆ ਜਾ ਰਿਹਾ ਬਚਪਨ

ਉਹ ਦਿਨ ਵੀ ਕੀ ਦਿਨ ਸਨ ਜਦੋਂ ਸਾਡੀ ਪੈਂਟ ਦੀ ਜੇਬ 'ਚ ਬਾਂਟੇ, ਰੰਗ-ਬਿਰੰਗੇ ਪੱਥਰ, ਕੱਚ ਦੀਆਂ ਚੂੜੀਆਂ ਦੇ ਟੁਕੜੇ, ਮਾਚਿਸ ਦੀਆਂ ਖਾਲੀ ਡੱਬੀਆਂ ਹੋਇਆ ਕਰਦੀਆਂ ਸਨ। ਰਿਮਝਿਮ ਮੀਂਹ 'ਚ ਖੂਬ ਭਿੱਜਦੇ ਸੀ। ਖੇਤਾਂ ਦੀ ਗਿੱਲੀ ਮਿੱਟੀ ਨਾਲ ਤਰ੍ਹਾਂ-ਤਰ੍ਹਾਂ ਦੇ ਖਿਡੌਣੇ ਬਣਾਉਂਦੇ, ਬਾਲੂ ਦੇ ਢੇਰ 'ਚ ਖੱਡੇ ਬਣਾ ਕੇ ਹੇਠਾਂ ਹੱਥ ਮਿਲਾਉਂਦੇ ਸੀ। ਬਚਪਨ ਇਕ ਅਜਿਹੀ ਉਮਰ ਹੁੰਦੀ ਹੈ ਜਦੋਂ ਬਿਨਾਂ ਕਿਸੇ ਤਣਾਅ ਦੇ ਮਸਤੀ ਨਾਲ ਜ਼ਿੰਦਗੀ ਦਾ ਆਨੰਦ ਲਿਆ ਜਾਂਦਾ ਹੈ। ਨੰਨ੍ਹੇ ਜਿਹੇ ਬੁੱਲ੍ਹਾਂ 'ਤੇ ਫੁੱਲਾਂ ਜਿਹਾ ਖਿੜਦਾ ਹਾਸਾ, ਉਹ ਮੁਸਕਰਾਹਟ, ਸ਼ਰਾਰਤ, ਰੁੱਸਣਾ, ਮਨਾਉਣਾ, ਜ਼ਿੱਦ 'ਤੇ ਅੜ ਜਾਣਾ ਇਹ ਸਭ ਬਚਪਨ ਦੀ ਪਛਾਣ ਹੁੰਦੀ ਹੈ।

ਸੱਚ ਕਹੋ ਤਾਂ ਬਚਪਨ ਹੀ ਉਹ ਸਮਾਂ ਹੁੰਦਾ ਹੈ ਜਦੋਂ ਅਸੀਂ ਦੁਨੀਆਦਾਰੀ ਦੇ ਝਮੇਲਿਆਂ ਤੋਂ ਦੂਰ ਆਪਣੀ ਹੀ ਮਸਤੀ 'ਚ ਮਸਤ ਰਹਿੰਦੇ ਹਾਂ। ਕਾਗਜ਼ ਦੀ ਕਿਸ਼ਤੀ ਬਣਾ ਕੇ ਨਾਲੀਆਂ 'ਚ ਤੈਰਾਕੀ ਦਾ ਮੁਕਾਬਲਾ ਹੋਇਆ ਕਰਦਾ ਸੀ। ਹੋਰ ਤਾਂ ਹੋਰ ਦੂਜੇ ਦੇ ਬਗੀਚੇ 'ਚੋਂ ਅੰਬ, ਅਮਰੂਦ ਅਤੇ ਬੇਰ ਚੋਰੀ ਕਰ ਕੇ ਖਾਂਦੇ ਸੀ। ਉਸ ਦਾ ਆਪਣਾ ਇਕ ਵੱਖਰਾ ਹੀ ਮਜ਼ਾ ਸੀ। ਕਦੀ-ਕਦੀ ਫੜੇ ਜਾਂਦੇ ਤਾਂ ਡਾਂਟ ਵੀ ਖੂਬ ਪੈਂਦੀ ਸੀ। ਸ਼ਰਾਰਤ, ਖੇਡਣਾ, ਮੌਜ-ਮਸਤੀ, ਨਾ ਕੱਲ ਦੀ ਫਿਕਰ ਸੀ, ਨਾ ਅੱਜ ਦੀ ਚਿੰਤਾ। ਅਜਿਹੀਆਂ ਹੀ ਬਹੁਤ ਸਾਰੀਆਂ ਸ਼ੈਤਾਨੀਆਂ ਨਾਲ ਭਰਿਆ ਪਿਆ ਸੀ ਸਾਡਾ ਬਚਪਨ।



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਸੱਚੀਂ ਬਚਪਨ ਉਮਰ ਦਾ ਸਭ ਤੋਂ ਬਿਹਤਰੀਨ ਪੜਾਅ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਬਹੁਤ ਕੁਝ ਬਦਲ ਗਿਆ ਹੈ। ਗੁੱਲੀ ਡੰਡਾ, ਬਾਂਟੇ, ਚੋਰ-ਸਿਪਾਹੀ, ਟੀਪੂ ਵਰਗੀਆਂ ਖੇਡਾਂ ਦੀ ਥਾਂ ਆਧੁਨਿਕ ਗੇਮਾਂ ਨੇ ਲੈ ਲਈ ਹੈ।

ਬੀਤੇ ਬਚਪਨ ਦੀਆਂ ਉਨ੍ਹਾਂ ਖੇਡਾਂ ਬਾਰੇ ਅੱਜ ਦੇ ਬੱਚੇ ਜਾਣਦੇ ਤੱਕ ਨਹੀਂ। ਮੋਬਾਈਲ ਅਤੇ ਕੰਪਿਊਟਰ 'ਤੇ ਫ੍ਰੀ ਫਾਇਰ, ਪਬਜੀ, ਮੋਰਟਲ ਕਾਂਬੈਟ, ਸਬਵੇਅ ਸਰਫ ਅਤੇ ਟੈਂਪਲ ਰਨ ਵਰਗੀਆਂ ਖੇਡਾਂ ਨੇ ਉਨ੍ਹਾਂ ਖੇਡਾਂ ਨੂੰ ਬਾਹਰ ਕਰ ਦਿੱਤਾ ਹੈ। ਸਾਡੀ ਅੱਜ ਦੀ ਇਸ ਦੌੜ-ਭੱਜ ਭਰੀ ਜ਼ਿੰਦਗੀ 'ਚ ਬਚਪਨ ਗਵਾਚ ਜਿਹਾ ਗਿਆ ਹੈ। ਹੁਣ ਬੱਚਿਆਂ ਨੂੰ ਰਾਮਾਇਣ, ਮਹਾਭਾਰਤ ਤੇ ਪਰੀਆਂ ਦੀਆਂ ਕਹਾਣੀਆਂ ਕੋਈ ਨਹੀਂ ਸੁਣਾਉਂਦਾ। ਮੇਲੇ 'ਚ ਬੱਚੇ ਹੁਣ ਖਿਡੌਣਿਆਂ ਲਈ ਜ਼ਿੱਦ ਵੀ ਨਹੀਂ ਕਰਦੇ। ਉਨ੍ਹਾਂ 'ਚ ਉਹ ਪਹਿਲਾਂ ਵਰਗਾ ਚੰਚਲਪਣ ਅਤੇ ਅੱਲ੍ਹੜਪਣ ਵੀ ਨਹੀਂ ਰਹਿ ਗਿਆ।

ਇਸ ਸਭ 'ਚ ਉਨ੍ਹਾਂ ਦੇ ਮਾਹੌਲ, ਮਾਤਾ-ਪਿਤਾ ਦਾ ਬੜਾ ਵੱਧ ਕਸੂਰ ਹੈ। ਉਨ੍ਹਾਂ ਕੋਲ ਆਪਣੇ ਬੱਚਿਆਂ ਲਈ ਸਮਾਂ ਹੀ ਨਹੀਂ ਹੈ। ਉਹ ਬੱਚਿਆਂ ਨੂੰ ਵੀਡੀਓ ਗੇਮਾਂ ਫੜਾ ਦਿੰਦੇ ਹਨ ਅਤੇ ਬੱਚਾ ਘਰ ਦੀ ਚਾਰਦੀਵਾਰੀ ਦੇ ਬਾਹਰ ਦੀ ਦੁਨੀਆ ਨੂੰ ਕਦੀ ਸਮਝ ਹੀ ਨਹੀਂ ਪਾਉਂਦਾ। ਉਹ ਆਪਣੇ 'ਚ ਹੀ ਸਿਸਕ ਕੇ ਰਹਿ ਜਾਂਦਾ ਹੈ। ਮਾਪੇ ਆਪਣੀਆਂ ਇੱਛਾਵਾਂ ਦੇ ਬੋਝ ਹੇਠਾਂ ਉਨ੍ਹਾਂ ਦੇ ਬਚਪਨ ਨੂੰ ਦਬਾਉਣ ਲਈ ਉਤਸੁਕ ਹਨ। ਆਪਣੇ ਬਚਪਨ ਦੇ ਦਿਨਾਂ ਨੂੰ ਤਾਂ ਯਾਦ ਕਰ ਕੇ ਉਹ ਜ਼ਰੂਰ ਫਿਲਮ 'ਦੂਰ ਕੀ ਆਵਾਜ਼' ਦਾ ਇਹ ਗਾਣਾ ਗੁਣਗੁਣਾਉਂਦੇ ਹੋਣਗੇ 'ਹਮ ਭੀ ਅਗਰ ਬੱਚੇ ਹੋਤੇ, ਨਾਮ ਹਮਾਰਾ ਹੋਤਾ ਗਪਲੂ, ਪਪਲੂ, ਖਾਨੇ ਕੋ ਮਿਲਤੇ ਲੱਡੂ।'

ਅੱਜ ਦੇ ਬੱਚੇ ਸਿਰਫ ਆਪਣੇ ਘਰਾਂ 'ਚ ਕੈਦ ਹੋ ਕੇ ਰਹਿ ਗਏ ਹਨ। ਉਹ ਦਿਨ ਭਰ ਮੋਬਾਈਲ, ਟੀ. ਵੀ., ਵੀਡੀਓ ਗੇਮ ਆਦਿ 'ਚ ਰੁੱਝੇ ਰਹਿੰਦੇ ਹਨ। ਇਕ ਵਰਚੁਅਲ ਦੁਨੀਆ 'ਚ ਸਿਮਟ ਕੇ ਰਹਿ ਗਏ ਹਨ। ਅੱਜ ਬੱਚਿਆਂ ਦੀਆਂ ਕਿਲਕਾਰੀਆਂ ਤੇ ਉਨ੍ਹਾਂ ਦੀਆਂ ਸ਼ਰਾਰਤਾਂ ਦੀਆਂ ਆਵਾਜ਼ਾਂ ਸੁਣਨ ਨੂੰ ਨਹੀਂ ਮਿਲਦੀਆਂ।

ਅੱਜ ਦਾ ਬਚਪਨ ਪੜ੍ਹਾਈ ਦੇ ਬੋਝ ਹੇਠ ਗੁੰਮ ਹੋ ਗਿਆ ਹੈ ਅਤੇ ਤਕਨੀਕ ਦੇ ਜਾਲ 'ਚ ਉਲਝ ਕੇ, ਡਿਜੀਟਲ ਗੈਜੇਟਸ 'ਚ ਸਿਮਟ ਕੇ ਗੁੰਮ ਹੋ ਗਿਆ ਹੈ। ਹੁਣ ਬੱਚੇ ਸਮੇਂ ਤੋਂ ਪਹਿਲਾਂ ਹੀ ਵੱਡੇ ਹੋ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਮੋਬਾਈਲ, ਟੀ. ਵੀ. ਆਦਿ ਰਾਹੀਂ ਉਹ ਸਾਰੀ ਜਾਣਕਾਰੀ ਹਾਸਲ ਹੁੰਦੀ ਜਾ ਰਹੀ ਹੈ ਜੋ ਵੱਡਿਆਂ ਕੋਲੋਂ ਮਿਲਣੀ ਚਾਹੀਦੀ ਹੈ।

ਇਹ ਸਮਾਜ ਲਈ ਇਕ ਚਿੰਤਾਜਨਕ ਸਥਿਤੀ ਹੈ। ਛੋਟੀ ਜਿਹੀ ਉਮਰ 'ਚ ਹੀ ਇਨ੍ਹਾਂ ਬੱਚਿਆਂ ਨੂੰ ਮੁਕਾਬਲੇ ਦੀ ਦੌੜ 'ਚ ਸ਼ਾਮਲ ਕਰ ਦਿੱਤਾ ਜਾਂਦਾ ਹੈ ਜਿਸ ਕਾਰਨ ਉਨ੍ਹਾਂ ਨੂੰ ਖੁਦ ਨੂੰ ਦੂਜਿਆਂ ਨਾਲੋਂ ਬਿਹਤਰ ਸਾਬਤ ਕਰਨਾ ਹੁੰਦਾ ਹੈ।

ਇਸੇ ਬਿਹਤਰੀ ਤੇ ਮੁਕਾਬਲੇਬਾਜ਼ੀ ਦੀ ਸ਼ਸ਼ੋਪੰਜ 'ਚ ਬੱਚਿਆਂ ਦਾ ਬਚਪਨ ਕਿਤੇ ਗੁੰਮ ਜਿਹਾ ਜਾਂਦਾ ਹੈ। ਉੱਥ ਮਾਤਾ-ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਵੱਡਾ ਹੋ ਕੇ ਡਾਕਟਰ, ਇੰਜੀਨੀਅਰ ਜਾਂ ਵੱਡਾ ਅਫਸਰ ਬਣੇ। ਉਹ ਹੁਣ ਤੱਕ ਉਸ ਧਾਰਨਾ ਨੂੰ ਹੀ ਅਪਣਾਏ ਹੋਏ ਹਨ ਕਿ 'ਖੇਲੋਗੇ ਕੂਦੋਗੇ ਤੋ ਹੋਗੇ ਖਰਾਬ', ਜਿਸ ਕਾਰਨ ਹਰ ਪਲ ਮੁਕਾਬਲੇਬਾਜ਼ੀ ਦੇ ਮਾਹੌਲ 'ਚ ਅੱਜ ਬੱਚਿਆਂ 'ਤੇ ਬਸਤੇ ਦਾ ਬੋਝ ਵਧਦਾ ਜਾ ਰਿਹਾ ਹੈ।

ਹਾਲਾਂਕਿ ਪੜ੍ਹਾਈ-ਲਿਖਾਈ ਵੀ ਜੀਵਨ 'ਚ ਜ਼ਰੂਰੀ ਹੈ ਤੇ ਉਸ ਦੀ ਮਹੱਤਤਾ ਨੂੰ ਨਕਾਰਿਆ ਨਹੀਂ ਜਾ ਸਕਦਾ ਪਰ ਬਚਪਨ ਵੀ ਕਿਥੇ ਦੁਬਾਰਾ ਪਰਤ ਕੇ ਆਉਣ ਵਾਲਾ ਹੈ। ਇਸ ਲਈ ਮਾਪਿਆਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਅਵਸਥਾ ਦਾ ਭਰਪੂਰ ਲਾਭ ਉਠਾਉਣ ਦੇਣ।

ਪੜ੍ਹਾਈ-ਲਿਖਾਈ ਆਪਣੀ ਥਾਂ ਹੈ। ਅੱਜ ਦੇ ਦੌਰ 'ਚ ਉਸ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਬਚਪਨ ਵੀ ਦੁਬਾਰਾ ਪਰਤ ਕੇ ਨਹੀਂ ਆਉਂਦਾ। ਘੱਟੋ-ਘੱਟ ਇਸ ਉਮਰ 'ਚ ਤਾਂ ਤੁਸੀਂ ਉਨ੍ਹਾਂ ਨੂੰ ਖੁੱਲ੍ਹਾ ਸਮਾਂ ਅਤੇ ਬਚਪਨ ਦਾ ਪੂਰਾ ਮਜ਼ਾ ਲੈਣ ਦਿਓ।

drmlsharma5@gmail.com